To be substituted with Same No and Date
ਨੰ. SED-EDU303/31/2024-3EDU3 I/826657/2024
ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ,
ਅਕਾਲ ਅਕੈਡਮੀ , ਧਮੋਟ
ਜਿਲ੍ਹਾ ਲੁਧਿਆਣਾ।

ਮਿਤੀ, ਚੰਡੀਗੜ੍ਹ: 23.04.2024

ਵਿਸ਼ਾ:- ਅਕਾਲ ਅਕੈਡਮੀ, ਧਮੋਟ ਜਿਲ੍ਹਾ ਲੁਧਿਆਣਾ ਨੂੰ ਸੀ.ਬੀ.ਐਸ.ਈ. ਬੋਰਡ ਨਾਲ ਐਫੀਲੀਏਸ਼ਨ ਲੈਣ ਲਈ ਦਸਵੀਂ ਪੱਧਰ ਦੀ ਐਨ.ਓ.ਸੀ. ਅਤੇ ਮਾਨਤਾ ਜਾਰੀ ਕਰਨ ਸਬੰਧੀ।

******

ਉਪਰਕੋਤ ਵਿਸ਼ੇ ਤੇ ਆਪ ਵੱਲੋਂ ਪੋਰਟਲ ਤੇ ਐਪਲੀਕੇਸ਼ਨ ਨੰ. EDEB85492A ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ।

1. ਇਹ ਇਤਰਾਜਹੀਣਤਾ ਸਰਟੀਫਿਕੇਟ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 6 ਤਹਤਿ ਜਾਰੀ ਕੀਤਾ ਜਾਂਦਾ ਹੈ।

2. ਇਹ ਇਤਰਾਜਹੀਣਤਾ ਸਰਟੀਫਿਕੇਟ ਸਕੂਲ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਲੁਧਿਆਣਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁਖ ਜਾਰੀ ਕੀਤਾ ਗਿਆ ਹੈ।

3. ਸਕੂਲ ਮੈਨੇਜਮੈਂਟ ਹੇਠ ਲਿੱਖਿਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ:-

ੳ) ਸਿੱਖਿਆ ਵਿਭਾਗ ਵੱਲੋਂ ਜਾਰੀ ਆਰ.ਟੀ.ਐਕਟ 2009, ਪੰਜਾਬ ਸਰਕਾਰ ਆਰ.ਟੀ.ਈ. ਰੂਲਜ਼ 2011, ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਨਸਟੀਟਿਊਸ਼ਨਜ਼ ਐਕਟ 2016 ਅਤੇ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਸਬੰਧਤ ਹਦਾਇਤਾਂ ਦੀ ਇੰਨ-ਬਿਨ ਪਾਲਣਾ।

ਅ) ਸਕੂਲ ਵਿੱਚ ਪੰਜਾਬੀ ਵਿਸ਼ਾ ਲਾਜ਼ਮੀ ਤੌਰ ਤੇ ਪੜ੍ਹਾਉਣਾ।

ੲ) ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਈਰ ਸੇਫਟੀ ਸਰਟੀਫਿਕੇਟ, ਪੀਣਯੋਗ ਪਾਣੀ ਦਾ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਇਤਰਾਜਹੀਣਤਾ ਸਰਟੀਫਿਕੇਟ ਸਮੇਂ ਸਿਰ ਰਿਨਿਊ ਕਰਵਾਉਣਾ।

ਸ) ਸਕੂਲ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਦੀ ਤਰਜ ਤੇ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਉਟ ਪੇਈ ਚੈਕਾਂ/ਆਨ-ਲਾਈਨ ਟਰਾਂਸਫਰ ਕਰਨਾ।

ਹ) ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਸਕੂਲ ਦੇ ਨਿਰੀਖਣ ਦੌਰਾਨ ਸਹਿਯੋਗ ਕਰਨਾ।

ਕ) ਮਾਨਯੋਗ ਹਾਈ ਕੋਰਟ ਵੱਲੋਂ ਰਿਟ ਪਟੀਸ਼ਨ ਨੰ. 17967 ਆਫ 2022 ਵਿੱਚ ਕੀਤੇ ਹੁਕਮ ਮਿਤੀ 17.08.2022 ਦੀ ਰੌਸ਼ਨੀ ਵਿੱਚ ਅਤੇ ਭਵਿੱਖ ਵਿੱਚ ਹੋਣ ਵਾਲੇ ਫੈਸਲੇ ਅਨੁਸਾਰ ਲੋੜੀਂਦਾ ਰਿਜ਼ਰਵ ਫੰਡ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਂਗਾ।

ਖ) **ਸਕੂਲ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਜੇਕਰ ਕਿਸੇ ਵੀ ਸੇਫਟੀ ਸਰਟੀਫਿਕੇਟ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਐਨ.ਓ.ਸੀ ਜਾਰੀ ਹੋਣ ਦੀ ਮਿਤੀ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਉਸਨੂੰ ਰੀਨਿਊ ਕਰਵਾਇਆ ਜਾਵੇਗਾ ਅਤੇ ਉਸ ਸਬੰਧੀ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।**

4. ਉਪਰੋਕਤ ਦਰਸਾਈਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿੱ:ਅੰ:ਨੰ:SED-EDU303/31/2024-3EDU3 I/826657/2024/2-4 **ਮਿਤੀ,ਚੰਡੀਗੜ੍ਹ 23.04.2024**

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ, ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਸਕੂਲ ਦਾ ਨਿਯਮਤ ਨਿਰੀਖਣ ਹਰ ਹਾਲਤ ਵਿੱਚ ਕਰਵਾਇਆ ਜਾਵੇ ਅਤੇ ਨਿਰੀਖਣ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),ਲੁਧਿਆਣਾ।

3. ਇੰਚਾਰਜ਼, ਮੈਨੇਜਮੈਂਟ ਇੰਨਫਾਰਮੇਸ਼ਨ ਸਿਸਮਟ(ਐਮ.ਆਈ.ਐਸ) ।

ਅਧੀਨ ਸਕੱਤਰ ਸਕੂਲ ਸਿੱਖਿਆ

To be substituted with Same No and Date

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਮੀਮੋ ਨੰ. SED-EDU303/31/2024-3EDU3 I/826660/2024 **ਮਿਤੀ, ਚੰਡੀਗੜ੍ਹ :23.04 .2024**

1. ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 3 ਅਤੇ 5 ਅਤੇ ਹਦਾਇਤਾਂ ਮਿਤੀ 11.02.2019 ਤਹਿਤ ਪ੍ਰਿੰਸੀਪਲ, ਅਕਾਲ ਅਕੈਡਮੀ , ਧਮੋਟ , ਜਿਲ੍ਹਾ ਲੁਧਿਆਣਾ ਨੂੰ ਦਸਵੀਂ ਪੱਧਰ ਦੀ ਮਾਨਤਾ ਦਿੱਤੀ ਜਾਂਦੀ ਹੈ।

2. ਇਹ ਮਾਨਤਾ ਸਕੂਲ ਵੱਲੋਂ ਐਨ.ਓ.ਸੀ. ਲਈ ਪੇਸ਼ ਕੀਤੇ ਗਏ ਦਸਤਾਵੇਜਾਂ ਸਮੇਤ ਹਲਫੀਆਂ ਬਿਆਨ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਲੁਧਿਆਣਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁਖ ਦਿੱਤੀ ਗਈ ਹੈ।

3. ਸਕੂਲ ਇਤਰਾਜਹੀਣਤਾ ਸਰਟੀਫਿਕੇਟ ਨੰ. SED-EDU303/31/2024-3EDU3 I/826657/2024 ਮਿਤੀ 23.04.2024 ਵਿੱਚ ਦਰਜ ਸ਼ਰਤਾਂ ਅਤੇ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਜੇਕਰ ਸਕੂਲ ਦਾ ਇਤਰਾਜਹੀਣਤਾ ਸਰਟੀਫਿਕੇਟ ਰੱਦ ਕੀਤਾ ਜਾਂਦਾ ਹੈ ਤਾਂ ਮਾਨਤਾ ਰੱਦ ਸਮਝੀ ਜਾਵੇਗੀ।

ਅਧੀਨ ਸਕੱਤਰ ਸਕੂਲ ਸਿੱਖਿਆ

ਪਿ.ਅੰ.ਨੰ.SED-EDU303/31/2024-3EDU3I/826660/2024/2-4 **ਮਿਤੀ,ਚੰਡੀਗੜ੍ਹ:23.04 2024**

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਪ੍ਰਿੰਸੀਪਲ, ਅਕਾਲ ਅਕੈਡਮੀ ,ਧਮੋਟ , ਜਿਲ੍ਹਾ ਲੁਧਿਆਣਾ
2. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ, ਮੋਹਾਲੀ।
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),ਲੁਧਿਆਣਾ।

ਅਧੀਨ ਸਕੱਤਰ ਸਕੂਲ ਸਿੱਖਿਆ